**ਦਫਤਰ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਬਠਿੰਡਾ**
**-ਕਮ-ਦਫਤਰ ਸਮੱਗਰਾ ਸਿੱਖਿਆ ਅਭਿਆਨ ਅਥਾਰਿਟੀ ਬਠਿੰਡਾ**
**ਈ ਮੇਲ :- misbathinda@punjabeducation.gov.in**
**ਕਮਰਾ ਨੰਬਰ:- 458, ਤੀਜੀ ਮੰਜਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਠਿੰਡਾ**

MIS Bathinda

**ਵੱਲ:**

ਸਮੂਹ ਬਲਾਕ ਨੋਡਲ ਅਫਸਰ,
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ,
ਸਮੂਹ ਸਕੂਲ ਮੁਖੀ/ਪ੍ਰਿੰਸੀਪਲ
ਸਰਕਾਰੀ, ਏਡਡ, ਆਦਰਸ਼, ਮਾਨਤਾ ਪ੍ਰਾਪਤ, ਐਫੀਲੀਏਟਿਡ,
ਜ਼ਿਲ੍ਹਾ ਬਠਿੰਡਾ।
ਪੱਤਰ ਨੰਬਰ: ਐੱਮ.ਆਈ.ਐੱਸ./ਯੂ-ਡਾਈਸ/20242-0882 ਮਿਤੀ: 22-01-2024

**ਵਿਸ਼ਾ : ਯੂ-ਡਾਈਸ 2023-24 ਅਧੀਨ ਡਰਾਪ ਆਊਟ ਵਿਦਿਆਰਥੀਆਂ ਦੀ ਵੈਰੀਫੀਕੇਸ਼ਨ ਸਬੰਧੀ।**

ਉਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਯੂ-ਡਾਈਸ ਸਰਵੇ 2023-24 ਦਾ ਡਾਟਾ ਤਕਰੀਬਨ ਸਾਰੇ ਸਕੂਲਾਂ ਵੱਲੋਂ ਭਰਿਆ ਜਾ ਚੁੱਕਾ ਹੈ। ਜੋ ਵੀ ਵਿਦਿਆਰਥੀ ਕਿਸੇ ਵੀ ਸਕੂਲ ਵੱਲੋਂ UDISE ਉੱਪਰ Struck off ਕੀਤਾ ਜਾਂਦਾ ਹੈ ਜਾਂ ਸਕੂਲ ਦੀ ਆਖਰੀ ਕਲਾਸ ਪਾਸ ਕਰ ਜਾਂਦਾ ਹੈ ਤਾਂ ਉਹ ਵਿਦਿਆਰਥੀ ਸਕੂਲ ਦੇ Dropbox ਵਿੱਚ ਚਲਾ ਜਾਂਦਾ ਹੈ। ਸਟੂਡੈਂਟ ਮਡਿਊਲ ਦੇ ਡਰਾਪਬੋਕਸ ਦੀ ਰਿਪੋਰਟ ਘੋਖਣ ਤੇ ਪਤਾ ਲੱਗ ਰਿਹਾ ਹੈ ਕਿ ਸਕੂਲਾਂ ਵੱਲੋਂ ਬੱਚਿਆਂ ਦੇ ਪੁਰਾਣੇ ਸਕੂਲ ਨਾਲ ਰਾਬਤਾ ਨਾ ਕਰਨ ਕਾਰਨ ਜਾਂ ਪੁਰਾਣੇ ਸਕੂਲ ਦੇ ਡਰਾਪਬੋਕਸ ਵਿੱਚੋਂ ਵਿਦਿਆਰਥੀ ਨਾ ਇੰਮਪੋਰਟ ਕਰਨ ਕਾਰਨ ਜਾਂ ਵਿਦਿਆਰਥੀ ਦੇ ਅੱਗੇ ਕਿਸੇ ਸਕੂਲ ਵਿੱਚ ਦਾਖਿਲ ਨਾਂ ਹੋਣ ਕਾਰਨ ਜਿਲ੍ਹੇ ਦੇ ਕੁੱਲ 19667 ਵਿਦਿਆਰਥੀ ਸਕੂਲਾਂ ਦੇ ਡਰਾਪਬੋਕਸ ਵਿੱਚ ਪਏ ਹਨ। ਜੋ ਇੱਕ ਚਿੰਤਾ ਦਾ ਵਿਸ਼ਾ ਹੈ।

ਉਪਰੋਕਤ ਅਨੁਸਾਰ ਜੋ ਵਿਦਿਆਰਥੀ Dropbox ਵਿੱਚ ਰਹਿ ਜਾਂਦੇ ਹਨ ਉਹ ਵਿਭਾਗ ਲਈ ਡਰਾਪ ਆਊਟ ਹਨ ਭਾਵ ਉਹ ਵਿਦਿਆਰਥੀ ਸਕੂਲੋ ਵਿਰਵੇ ਹਨ ਇਸ ਲਈ ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ Dropbox ਵਿੱਚ ਪਏ ਵਿਦਿਆਰਥੀਆਂ ਦਾ ਡਾਟਾ ਵੈਰੀਫਾਈ ਕੀਤਾ ਜਾਵੇ ਅਤੇ ਵੱਧ ਤੋਂ ਵੱਧ ਵਿਦਿਆਰਥੀ ਅਗਲੇ ਸਕੂਲਾਂ ਨਾਲ ਰਾਬਤਾ ਇੰਮਪੋਰਟ ਕਰਵਾਏ ਜਾਣ ਜੇਕਰ ਸਕੂਲ ਨੇ ਵਿਦਿਆਰਥੀ Import ਕਰਨ ਦੀ ਬਜਾਏ ਨਵਾਂ ਐਂਟਰ ਕਰਵਾ ਲਿਆ ਹੈ ਤਾਂ ਉਸਦਾ ਰਿਕਾਰਡ ਡਲੀਟ ਕੀਤਾ ਜਾਵੇ। ਇਸ ਉਪਰੰਤ ਵੀ ਜੋ ਵਿਦਿਆਰਥੀ Dropbox ਵਿੱਚ ਰਹਿ ਜਾਣਗੇ ਉਨ੍ਹਾਂ ਨੂੰ ਡਰਾਪ ਆਊਟ ਟਰੀਟ ਕੀਤਾ ਜਾਵੇਗਾ।

ਉਪਰੋਕਤ ਸਬੰਧੀ ਸਮੂਹ ਬੀ.ਪੀ.ਈ.ਓਜ ਅਤੇ ਬੀ.ਐੱਨ.ਓਜ ਆਪਣੀ ਨਿਗਰਾਨੀ ਹੇਠ ਡਾਟਾ ਵੈਰੀਫਾਈ ਕਰਵਾਉਣਗੇ ਅਤੇ ਇਸ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਨਾ ਵਰਤੀ ਜਾਵੇ।

**ਨੱਥੀ - ਡਰਾਪ ਆਊਟ ਬੱਚਿਆਂ ਦੀ ਲਿਸਟ।**

**ਜਿਲ੍ਹਾ ਸਿੱਖਿਆ ਅਫਸਰ (ਐ.ਸਿ.)**
**ਬਠਿੰਡਾ**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ:

ਪੱਤਰ ਨੰ: ਉਕਤ ਮਿਤੀ- 22-01-2024

1. ਕੰਪੋਨੈਂਟ ਇਨਚਾਰਜ , OOSC ਨੂੰ ਯੂ-ਡਾਇਸ 2023-24 ਦੌਰਾਨ ਨੱਥੀ ਅਨੁਸਾਰ ਡਰਾਪ-ਆਊਟ ਵਿਦਿਆਰਥੀਆਂ ਦੀ ਸੂਚਨਾ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

**ਜਿਲ੍ਹਾ ਸਿੱਖਿਆ ਅਫਸਰ (ਐ.ਸਿ.)**
**ਬਠਿੰਡਾ**